# ਰਾਜਤੰਤ੍ਰ ਅਤੇ ਖੁੱਲ੍ਹੀ ਮੰਡੀ: ਲੋਕਾਂ ਨੂੰ ਲੁੱਟਣ ਦੇ ਹਥਿਆਰ

ਅੱਜ ਦੱਖਣੀ ਏਸ਼ੀਆ ਅਤੇ ਹੋਰਨਾਂ ਥਾਵਾਂ ਤੇ ਰਾਜ ਤੰਤ੍ਰ ਜਾਂ ਸਟੇਟ ਅਤੇ ਮੰਡੀ ਲੋਕਾਂ ਦੀ ਛਿੱਲ ਲਾਹੁਣ ਲਈ ਅਤੇ ਉਨ੍ਹਾਂ ਦੀ ਲੁੱਟ ਖਸੁੱਟ ਕਰਨ ਦੇ ਵੱਡੇ ਅਦਾਰੇ ਬਣ ਚੁੱਕੇ ਹਨ। ਰਾਜਤੰਤ੍ਰ ਦਾ ਕੋਈ ਵੀ ਫੈਸਲਾ ਲੈ ਲਵੋ ਇਹ ਲੋਕਾਂ ਦੇ ਹਿਤਾਂ ਦੇ ਖ਼ਿਲਾਫ਼ ਹੀ ਜਾਂਦਾ ਹੈ। ਮਿਸਾਲ ਦੇ ਤੌਰ ਤੇ ਹਿੰਦੁਸਤਾਨ ਦੀ ਸਰਕਾਰ ਦੇ 1947 ਤੋਂ ਕੀਤੇ ਹੋਏ ਫੈਸਲਿਆਂ ਤੇ ਜੇ ਅਸੀਂ ਨਜ਼ਰ ਮਾਰੀਏ ਤਾਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਰਾਜਤੰਤ੍ਰ ਅਤੇ ਸਰਕਾਰ ਆਮ ਲੋਕਾਂ ਅਤੇ ਮਿਹਨਤਕਸ਼ਾਂ ਦੇ ਖ਼ਿਲਾਫ਼ ਹੀ ਫੈਸਲੇ ਕਰਦੇ ਆਏ ਹਨ। ਲੋਕਾਂ ਦੇ ਘੋਲਾਂ ਤੋਂ ਮਜਬੂਰ ਹੋ ਕੇ ਰਾਜਤੰਤ੍ਰ ਅਤੇ ਸਰਕਾਰ ਨੇ ਲੋਕਾਂ ਨੂੰ ਕੁਝ ਰਿਆਅਤਾਂ ਦਿੱਤੀਆਂ ਸਨ ਅਤੇ ਮੌਕਾ ਵੇਖ ਕੇ ਉਹ ਰਿਆਇਤਾਂ ਵੀ ਵਾਪਸ ਲਿਤੀਆਂ ਜਾ ਚੁੱਕੀਆਂ ਹਨ ਜਾਂ ਲਿਤੀਆਂ ਜਾ ਰਹੀਆਂ ਹਨ। ਲੋਕਾਂ ਖ਼ਿਲਾਫ਼ ਇਹ ਹਮਲੇ ਰਾਜਤੰਤ੍ਰ ਅਤੇ ਸਰਕਾਰ ਨੇ ਹਮੇਸ਼ਾ ਇਹ ਹੀ ਕਹਿ ਕੇ ਕੀਤੇ ਹਨ ਕਿ ਇਹ ਸਭ ਲੋਕਾਂ ਦੇ ਭਲੇ ਲਈ ਹੀ ਕੀਤੇ ਜਾ ਰਹੇ ਹਨ।ਰਾਜਤੰਤ੍ਰ ਅਤੇ ਸਰਕਾਰ ਤਾਂ ਲੋਕਾਂ ਦੀ ਖ਼ਾਹਸ਼ਾਂ ਨੂੰ ਹੀ ਅਮਲ ਵਿਚ ਲਿਆ ਰਿਹਾ ਹੈ। ਲੋਕ ਹੀ ਇਹ ਚਾਹੁੰਦੇ ਹਨ। ਲੋਕਾਂ ਤੇ ਹਰੇਕ ਹਮਲੇ ਲੋਕਾਂ ਦੇ ਭਲੇ ਲਈ ਹੀ ਦੱਸਿਆ ਜਾਂਦਾ ਰਿਹਾ ਹੈ।ਮਿਸਾਲ ਦੇ ਤੌਰ ਨਰਮਦਾ ਦੇ ਲੋਕਾਂ ਨੂੰ ਬੇਘਰ ਕਰਕੇ ਉਥੇ ਹਜ਼ਾਰਾਂ ਹੀ ਡੈਮ ਬਣਾਉਣ ਦੀ ਤਜਵੀਜ਼ ਨੂੰ ਲੋਕਾਂ ਦੇ ਭਲੇ ਲਈ ਹੀ ਦੱਸਿਆ ਜਾ ਰਿਹਾ ਹੈ। 1975 ਦੀ ਐਮਰਜੰਸੀ ਨੂੰ ਇੰਦਰਾ ਗਾਂਧੀ ਨੂੰ ਲੋਕਾਂ ਦੇ ਭਲੇ ਲਈ ਹੀ ਦੱਸਿਆ ਸੀ । ਹਾਲ ਵਿਚ ਹੀ ਹਰਿਆਣੇ ਦੀ ਸਰਕਾਰ ਨੇ ਰਿਲਾਯੰਸ ਕੰਪਨੀ ਨੂੰ 25,000 ਏਕੜ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ। ਇਹ ਜ਼ਮੀਨ ਛੋਟੇ ਕਿਸਾਨਾਂ ਤੋਂ ਖੋਹ ਕੇ ਅੰਬਾਨੀ ਨੂੰ ਦਿੱਤੀ ਜਾ ਰਹੀ ਹੈ। ਸਰਕਾਰ ਦਾ ਦਾਅਵਾ ਹੈ ਕਿ ਇਹ ਹਰਿਆਣੇ ਦੇ ਲੋਕਾਂ ਦੇ ਭਲੇ ਲਈ ਹੀ ਹੈ।ਪੰਜਾਬ ਸਰਕਾਰ ਵੀ ਰਿਲਾਯੰਸ ਕੰਪਨੀ ਨੂੰ ਹਜ਼ਾਰਾਂ ਏਕੜ ਜ਼ਮੀਨ ਦੇਣ ਲਈ ਗੱਲ ਬਾਤ ਕਰ ਰਹੀ ਹੈ। ਅਮਰੀਕਨ ਸਦਰ ਬੁਸ਼ ਇਰਾਕ ਤੇ ਕਬਜ਼ਾ ਅਤੇ ਤਬਾਹੀ ਇਰਾਕੀ ਲੋਕਾਂ ਦੇ ਭਲੇ ਲਈ ਹੀ ਦੱਸ ਰਿਹਾ ਹੈ।ਇਰਾਕ ਦਾ ਰਾਜਤੰਤ੍ਰ ਅਤੇ ਸਰਕਾਰ ਵੀ ਇਸ ਸਭ ਲੋਕ ਵਿਰੋਧੀ ਹਮਲਿਆਂ ਨੂੰ ਲੋਕਾਂ ਦੇ ਭਲੇ ਲਈ ਹੀ ਦੱਸ ਰਹੇ ਹਨ। ਅੱਜ ਕਲ ਰਾਜਤੰਤ੍ਰ ਦਾ ਹਰ ਕਦਮ ਅਤੇ ਨੀਤੀ ਲੋਕਾਂ ਦੇ ਹਿਤਾਂ ਦੇ ਖ਼ਿਲਾਫ਼ ਹੀ ਹੁੰਦਾ ਹੈ।ਹਿੰਦੁਸਤਾਨ ਦੀ ਸਰਕਾਰ ਫ਼ਸਲਾਂ ਦੇ ਭਾਅ ਤੈ ਕਰਦੀ ਹੈ ਪਰ ਉਹ ਕਿਸਾਨਾਂ ਨੂੰ ਲਾਹੇਵੰਦ ਨਹੀਂ ਹੁੰਦੇ। ਕਿਸਾਨਾਂ ਦੀ ਲਾਗਤ ਜ਼ਿਆਦਾ ਹੁੰਦੀ ਹੈ ਉਨ੍ਹਾਂ ਨੂੰ ਕੀਮਤ ਘੱਟ ਮਿਲਦੀ ਹੈ। ਹਜ਼ਾਰਾਂ ਹੀ ਕਿਸਾਨ ਹਿੰਦੁਸਤਾਨ ਵਿਚ ਹਰ ਸਾਲ ਖ਼ੁਦਕਸ਼ੀ ਕਰ ਰਹੇ ਹਨ।

ਰਾਜਤੰਤ੍ਰ ਵਾਂਗ ਹੀ ਮੰਡੀ ਵੀ ਆਮ ਲੋਕਾਂ ਅਤੇ ਮਿਹਨਤਕਸ਼ਾਂ ਦੇ ਹਿਤਾਂ ਦੇ ਖ਼ਿਲਾਫ਼ ਹੀ ਕੰਮ ਕਰਦੀ ਹੈ। ਮੰਡੀ ਵਿਚ ਵੱਡੇ ਵਡੇਰੇ ਹੀ ਕੀਮਤਾਂ ਤੈ ਕਰਦੇ ਹਨ। ਮਿਸਾਲ ਦੇ ਤੌਰ ਤੇ ਅਨਾਜ ਦੀ ਮੰਡੀ ਨੂੰ ਦੋ ਜਾਂ ਤਿਨ ਕੰਪਨੀਆਂ ਹੀ ਕੰਟਰੋਲ ਕਰਦੀਆਂ ਹਨ। ਇਹ ਵੱਡੀਆਂ ਕੰਪਨੀਆਂ ਅਨਾਜ ਦਾ ਭਾਅ ਆਪਣੇ ਮੁਨਾਫ਼ੇ ਵੱਧ ਤੋਂ ਵੱਧ ਵਧਾਉਣ ਲਈ ਤੈ ਕਰਦੀਆਂ ਹਨ। ਇਸੇ ਤਰਾਂ ਤੇਲ ਦੇ ਭਾਅ ਵੀ ਇਹ ਮੁੱਠੀ ਭਰ ਕੰਪਨੀਆਂ ਹੀ ਤੈ ਕਰਦੀਆਂ ਹਨ। ਆਮ ਸ਼ਹਿਰੀ ਇਨ੍ਹਾਂ ਕੀਮਤਾਂ ਤੇ ਇਹ ਵਸਤਾਂ ਖ਼ਰੀਦਣ ਨੂੰ ਮਜਬੂਰ ਹੈ।ਇਹ ਵੱਡੀਆਂ ਕੰਪਨੀਆਂ ਹੀ  ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਵਾਲੀਆਂ ਵਸਤਾਂ ਦੇ ਭਾਅ ਤੈ ਕਰਦੀਆਂ ਹਨ ਅਤੇ ਲੋਕਾਂ ਨੂੰ ਇਹ ਭਾਅ ਦੇਣੇ ਹੀ ਪੈਂਦੇ ਹਨ। ਇਸਦੇ ਨਾਲ ਇਹ ਕੰਪਨੀਆਂ ਹੀ ਮਜ਼ਦੂਰਾਂ ਅਤੇ ਕਰਮਚਾਰੀਆਂ ਦੀਆਂ ਤਨਖ਼ਾਹਾਂ ਤੈ ਕਰਦੀਆਂ ਹਨ ਅਤੇ ਇਨ੍ਹਾਂ ਦਾ ਇਹ ਜ਼ੋਰ ਹੁੰਦਾ ਹੈ ਕਿ ਇਨ੍ਹਾਂ ਤਨਖ਼ਾਹਾਂ ਨੂੰ ਕਿਸ ਤਰੀਕੇ ਨਾਲ ਘੱਟ ਤੋਂ ਘੱਟ ਰਖਿਆ ਜਾ ਸਕਦਾ ਹੈ।ਮਜ਼ਦੂਰ ਅਤੇ ਕਰਮਚਾਰੀ ਆਪਣੀ ਤਾਕਤ, ਏਕਤਾ ਅਤੇ ਤਾਕਤ ਨਾਲ ਜੇ ਕੋਈ ਰਿਆਇਤ ਜਿੱਤ ਲੈਂਦੇ ਹਨ ਉਸਨੂੰ ਵੀ ਖ਼ਤਮ ਕਰਨ ਦੀ ਸਕੀਮ ਵਿਚ ਇਹ ਕੰਪਨੀਆਂ ਰਹਿੰਦੀਆਂ ਹਨ।ਮਿਸਾਲ ਦੇ ਤੌਰ ਤਕਰੀਬਨ ਹਰ ਖੇਤਰ ਵਿਚ ਮਜ਼ਦੂਰਾਂ ਅਤੇ ਕਰਮਚਾਰੀਆਂ ਦੀ ਪੈਨਸ਼ਨਾਂ ਤੇ ਹਮਲੇ ਕੀਤੇ ਜਾ ਰਹੇ ਹਨ।ਉਨ੍ਹਾਂ ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਜਿਹੜੀਆਂ ਪੈਨਸ਼ਨਾਂ ਉਨ੍ਹਾਂ ਨੇ ਬਹੁਤ ਜੱਦੋ-ਜਹਿਦ ਨਾਲ ਜਿੱਤੀਆਂ ਸਨ ਉਹ ਉਨ੍ਹਾਂ ਵਿਚ ਕਟੌਤੀਆਂ ਮਨਜ਼ੂਰ ਕਰ ਲੈਣ।

ਸਿਆਸੀ ਪਾਰਟੀਆਂ ਰਾਜਤੰਤ੍ਰ ਅਤੇ ਮੰਡੀ ਦੀ ਇਹ ਲੁੱਟ ਲੋਕਾਂ ਉੱਤੇ ਠੋਸਣ ਵਿਚ ਲੋਟੂਆਂ ਦੀ ਮਦਦ ਕਰਦੀਆਂ ਹਨ। ਇਹ ਲੋਕਾਂ ਤੋਂ ਤਾਕਤ ਖੋਹ ਕੇ ਲੁਟੇਰਿਆਂ ਦੇ ਹੱਥ ਦੇ ਦਿੰਦੀਆਂ ਹਨ।ਮਿਸਾਲ ਦੇ ਤੌਰ ਤੇ ਹਿੰਦੁਸਤਾਨ ਦੇ ਪਿਛਲੇ 60 ਸਾਲ ਦੇ ਤਜਰਬੇ ਤੇ ਜੇ ਅਸੀਂ ਝਾਤ ਮਾਰੀਏ ਤਾਂ ਇਹ ਗੱਲ ਸਾਫ਼ ਹੋ ਜਾਵੇਗੀ ਕਿ ਭਾਵੇਂ ਕਿਸੇ ਵੀ ਪਾਰਟੀ ਨੇ ਸਰਕਾਰ ਬਣਾਈ ਉਸਨੇ ਸਿਆਸੀ ਤਾਕਤ ਦੀ ਵਰਤੋਂ ਲੋਕਾਂ ਖ਼ਿਲਾਫ਼ ਹੀ ਕੀਤੀ ਹੈ। ਚੋਣਾਂ ਰਾਹੀਂ ਲੋਕਾਂ ਤੋਂ ਤਾਕਤ ਖੋਹ ਲਈ ਜਾਂਦੀ ਹੈ।ਫਿਰ ਇਹ ਕਿਹਾ ਜਾਂਦਾ ਹੈ ਕਿ ਲੋਕਾਂ ਨੇ ਇਹ ਤਾਕਤ ਇਸ ਇਕ ਪਾਰਟੀ ਨੂੰ ਜਾਂ ਪਾਰਟੀਆਂ ਦੇ ਗੱਠਜੋੜ ਨੂੰ ਦਿੱਤੀ ਹੈ ਕਿ ਉਹ ਜੋ ਚਾਹੁਣ ਉਹੀ ਕਰ ਸਕਦੇ ਹਨ। ਜੇ ਕਿਸੇ ਵਜ੍ਹਾ ਨਾਲ ਇਕ ਪਾਰਟੀ ਦੀ ਜਾਂ ਪਾਰਟੀਆਂ ਦੇ ਗੱਠਜੋੜ ਦੀ ਸਰਕਾਰ ਨਹੀਂ ਬਣ ਸਕਦੀ ਤਾਂ ਉੱਥੇ ਰਾਸ਼ਟਰਪਤੀ ਜਾਂ ਗਵਰਨਰ ਦਾ ਰਾਜ ਲਾਗੂ ਕਰ ਦਿੱਤਾ ਜਾਂਦਾ ਹੈ ਪਰ ਨੀਤੀ ਵਿਚ ਕੋਈ ਫ਼ਰਕ ਨਹੀਂ ਆਉਂਦਾ, ਉਹੀ ਲੋਕ ਵਿਰੋਧੀ ਕਦਮ ਚੁੱਕੇ ਜਾਂਦੇ ਹਨ। ਮਿਸਾਲ ਦੇ ਤੌਰ ਤੇ ਪੰਜਾਬ ਵਿਚ ਕਾਫ਼ੀ ਅਰਸੇ ਤਕ ਗਵਰਨਰ ਦਾ ਰਾਜ ਰਿਹਾ। ਉਸ ਦੌਰਾਨ ਵੀ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੀਆਂ ਲਾਹੇਵੰਦ ਕੀਮਤਾਂ ਨਹੀਂ ਤੈ ਕੀਤੀਆਂ ਗਈਆਂ, ਬੇਰੁਜ਼ਗਾਰਾਂ ਅਤੇ ਗਰੀਬਾਂ ਦੇ ਖ਼ਿਲਾਫ਼ ਹਮਲੇ ਉਸੇ ਤਰਾਂ ਹੀ ਹੁੰਦੇ ਰਹੇ। ਪੱਛਮੀ ਬੰਗਾਲ ਵਿਚ ਜਿੱਥੇ ਖੱਬੇ ਕਾਮਰੇਡਾਂ ਦੀ ਸਰਕਾਰ ਤੀਹ ਸਾਲਾਂ ਤੋਂ ਹੈ ਉਥੇ ਵੀ ਇਹੋ ਭੰਗ ਹੀ ਭੁਜਦੀ  ਆਉਂਦੀ ਹੈ।

ਰਾਜਤੰਤ੍ਰ, ਮੰਡੀ ਅਤੇ ਸਿਆਸੀ ਪਾਰਟੀਆਂ ਅੱਜ ਲੋਕਾਂ ਦੇ ਕਿਸੇ ਵੀ ਮਸਲੇ ਹੱਲ ਕਰਨ ਵਿਚ ਦਿਲਚਸਪੀ ਨਹੀਂ ਰਖਦੇ ਬਲਕਿ ਉਨ੍ਹਾਂ ਦੇ ਮਸਲਿਆ ਦੇ ਕਾਰਨ ਬਣ ਚੁੱਕੇ ਹਨ। ਲੋਕਾਂ ਨੂੰ ਆਰਥਕ, ਸਮਾਜੀ ਅਤੇ ਸਿਆਸੀ ਮਸਲਿਆਂ ਦੇ ਹੱਲ ਲਈ ਆਪ ਉੱਦਮ ਕਰਕੇ ਇਨ੍ਹਾਂ ਦਾ ਹੱਲ ਲੱਭਣ ਦੀ ਲੋੜ ਹੈ। ਇਹ ਸਾਰੇ ਅਦਾਰੇ ਉਨ੍ਹਾਂ ਦੇ ਹਿਤਾਂ ਦੇ ਖ਼ਿਲਾਫ਼ ਇਕ ਸਾਂਝਾ ਫਰੰਟ ਬਣਾ ਕੇ ਲੁਟੇਰਿਆਂ ਦੇ ਹਥਿਆਰ ਬਣ ਚੁੱਕੇ ਹਨ। ਵਡੇਰੇ ਅਤੇ ਲੁਟੇਰੇ ਇਨ੍ਹਾਂ ਅਦਾਰਿਆਂ ਨੂੰ ਵਰਤ ਕੇ ਲੋਕਾਂ ਦੀ ਲੁੱਟ ਕਰਦੇ ਹਨ ਅਤੇ ਉਨ੍ਹਾਂ ਦੇ ਹੱਕਾਂ ਤੇ ਸੱਟ ਮਾਰਦੇ ਹਨ। ਲੋਕਾਂ ਨੂੰ ਇਨ੍ਹਾਂ ਹਥਿਆਰਾਂ ਨੂੰ ਹਰਾ ਕੇ ਆਪਣੀਆਂ ਲੋੜਾਂ ਅਤੇ ਹੱਕਾਂ ਲਈ ਨਵੇਂ ਅਦਾਰੇ ਬਣਾਉਣ ਦੀ ਲੋੜ ਹੈ।ਸਮਾਜ ਦੀ ਨਵੀਂ ਉਸਾਰੀ ਲਈ ਇਹ ਲਾਜ਼ਮੀ ਹੈ। ਗੁਰਬਤ, ਬੇਰੁਜ਼ਗਾਰੀ ਅਤੇ ਜ਼ੁਲਮ ਤੋਂ ਛੁਟਕਾਰਾ ਪਾਉਣ ਲਈ ਇਹ ਜ਼ਰੂਰੀ ਹੈ।